ਮਿੱਠੇ ਬੱਚੇ:- "ਮਿੱਠੇ ਬੱਚੇ - ਸਦਾ ਇਸ ਨਸ਼ੇ ਵਿੱਚ ਰਹੋ ਕਿ ਭਗਵਾਨ ਸਾਨੂੰ ਪੜ੍ਹਾਉਂਦੇ ਹਨ, ਸਾਡੀ ਇਹ ਸਟੂਡੈਂਟ ਲਾਈਫ ਬਹੁਤ ਵਧੀਆ ਹੈ, ਸਾਡੇ ਉੱਤੇ ਬ੍ਰਹਿਸਪਤੀ ਦੀ ਦਸ਼ਾ ਹੈ"

ਪ੍ਰਸ਼ਨ:- ਕਿਹੜੇ ਬੱਚਿਆਂ ਨੂੰ ਸਭ ਦਾ ਪਿਆਰ ਪ੍ਰਾਪਤ ਹੁੰਦਾ ਹੈ?

ਉੱਤਰ:- ਜੋ ਬਹੁਤਿਆਂ ਦੇ ਕਲਿਆਣ ਦੇ ਨਿਮਿਤ ਬਣਦੇ ਹਨ। ਜਿਨ੍ਹਾਂ ਦਾ ਕਲਿਆਣ ਹੋਇਆ ਉਹ ਕਹਿਣਗੇ ਤੁਸੀਂ ਤਾਂ ਸਾਡੀ ਮਾਤਾ ਹੋ। ਤਾਂ ਆਪਣੇ ਆਪ ਨੂੰ ਵੇਖੋ ਅਸੀਂ ਕਿੰਨਿਆਂ ਦਾ ਕਲਿਆਣ ਕਰਦੇ ਹਾਂ? ਬਾਪ ਦਾ ਮੈਸੇਜ ਕਿੰਨੀਆਂ ਆਤਮਾਵਾਂ ਨੂੰ ਦਿੰਦੇ ਹਾਂ? ਬਾਪ ਵੀ ਪੈਗੰਬਰ ਹੈ। ਤੁਸੀਂ ਬੱਚਿਆਂ ਨੇ ਵੀ ਬਾਪ ਦਾ ਪੈਗਾਮ ਦੇਣਾ ਹੈ। ਸਭ ਨੂੰ ਕਹੋ ਦੋ ਬਾਪ ਹਨ। ਬੇਹੱਦ ਦੇ ਬਾਪ ਅਤੇ ਵਰਸੇ ਨੂੰ ਯਾਦ ਕਰੋ।

ਗੀਤ:- ਤੂੰ ਪਿਆਰ ਦਾ ਸਾਗਰ ਹੈ...

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਰੋਜ਼-ਰੋਜ਼ ਸਮਝਾਉਂਦੇ ਹਨ ਕਿ ਬੱਚੇ ਆਤਮ ਅਭਿਮਾਨੀ ਹੋਕੇ ਬੈਠੋ। ਇਵੇਂ ਨਹੀਂ ਬੁੱਧੀ ਬਾਹਰ ਭਟਕਦੀ ਰਹੇ। ਇੱਕ ਬਾਪ ਨੂੰ ਹੀ ਯਾਦ ਕਰਨਾ ਹੈ। ਉਹ ਹੀ ਗਿਆਨ ਦਾ ਸਾਗਰ ਹੈ, ਪ੍ਰੇਮ ਦਾ ਸਾਗਰ ਹੈ। ਕਹਿੰਦੇ ਹਨ ਇੱਕ ਗਿਆਨ ਦੀ ਬੂੰਦ ਹੀ ਕਾਫ਼ੀ ਹੈ। ਬਾਪ ਕਹਿੰਦੇ ਹਨ ਮਿੱਠੇ-ਮਿੱਠੇ ਬੱਚੇ ਇੱਕ ਰੂਹਾਨੀ ਬਾਪ ਨੂੰ ਯਾਦ ਕਰੋ ਤਾਂ ਤੁਹਾਨੂੰ ਇਹ ਵਰਸਾ ਮਿਲ ਜਾਵੇਗਾ। ਅਮਰਪੁਰੀ ਬੈਕੁੰਠ ਵਿੱਚ ਚਲੇ ਜਾਓਗੇ। ਬਾਕੀ ਇਸ ਸਮੇਂ ਜੋ ਸਿਰ ਤੇ ਪਾਪਾਂ ਦਾ ਬੋਝ ਹੈ ਉਹ ਉਤਾਰਨਾ ਹੈ। ਕਾਇਦੇ ਪ੍ਰਮਾਣ, ਵਿਵੇਕ ਅਨੁਸਾਰ ਤੁਹਾਨੂੰ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ। ਜਿਹੜੇ ਉੱਚੇ ਤੋਂ ਉੱਚੇ ਸਨ ਉਹ ਹੀ ਫ਼ਿਰ ਅੰਤ ਵਿੱਚ ਤਪੱਸਿਆ ਕਰ ਰਹੇ ਹਨ। ਰਾਜਯੋਗ ਦੀ ਤਪੱਸਿਆ ਇੱਕ ਬਾਪ ਹੀ ਸਿਖਾਉਂਦੇ ਹਨ। ਹਠਯੋਗ ਬਿਲਕੁਲ ਹੀ ਵੱਖ ਹੈ। ਉਹ ਹੈ ਹੱਦ ਦਾ, ਇਹ ਹੈ ਬੇਹੱਦ ਦਾ। ਉਹ ਹੈ ਨਿਵ੍ਰਿਤੀ ਮਾਰਗ, ਇਹ ਹੈ ਪ੍ਰਵ੍ਰਿਤੀ ਮਾਰਗ। ਬਾਪ ਕਹਿੰਦੇ ਹਨ ਤੁਸੀਂ ਵਿਸ਼ਵ ਦੇ ਮਾਲਿਕ ਸੀ। ਯਥਾ ਰਾਜਾ ਰਾਣੀ ਤਥਾ ਪ੍ਰਜਾ...ਪ੍ਰਵ੍ਰਿਤੀ ਮਾਰਗ ਵਿੱਚ ਪਵਿੱਤਰ ਦੇਵੀ- ਦੇਵਤਾ ਸਨ ਫਿਰ ਦੇਵਤਾ ਵਾਮ ਮਾਰਗ ਵਿੱਚ ਜਾਂਦੇ ਹਨ। ਉਨ੍ਹਾਂ ਦੇ ਵੀ ਚਿੱਤਰ ਹਨ। ਬਹੁਤ ਗੰਦੇ ਚਿੱਤਰ ਬਣਾਉਂਦੇ ਹਨ ਜੋ ਵੇਖਣ ਵਿੱਚ ਹੀ ਸ਼ਰਮ ਆਉਂਦੀ ਹੈ ਕਿਉਂਕਿ ਬੁੱਧੀ ਹੀ ਇਕਦਮ ਖ਼ਤਮ ਹੋ ਜਾਂਦੀ ਹੈ। ਬਾਪ ਦਾ ਹੀ ਗਾਇਨ ਹੈ ਤੂੰ ਪਿਆਰ ਦਾ ਸਾਗਰ ਹੈ। ਹੁਣ ਪਿਆਰ ਦੀ ਬੂੰਦ ਨਹੀਂ ਹੁੰਦੀ। ਇਹ ਹੈ ਗਿਆਨ ਦੀ ਗੱਲ। ਤੁਸੀਂ ਬਾਪ ਨੂੰ ਪਹਿਚਾਣ ਕੇ ਬਾਪ ਕੋਲੋਂ ਵਰਸਾ ਲੈਣ ਆਉਂਦੇ ਹੋ। ਬਾਪ ਸਦਗਤੀ ਦਾ ਗਿਆਨ ਦਿੰਦੇ ਹਨ। ਥੋੜ੍ਹਾ ਹੀ ਸੁਣਿਆ ਅਤੇ ਸਦਗਤੀ ਵਿੱਚ ਆ ਗਏ। ਇਥੋਂ ਤੁਸੀਂ ਬੱਚਿਆਂ ਨੇ ਜਾਣਾ ਹੈ ਨਵੀਂ ਦੁਨੀਆ ਵਿੱਚ। ਤੁਸੀਂ ਜਾਣਦੇ ਹੋ ਅਸੀਂ ਨਵੀਂ ਦੁਨੀਆ ਦੇ ਮਾਲਿਕ ਬਣਦੇ ਹਾਂ। ਇਸ ਸਮੇਂ ਸਾਰੀ ਦੁਨੀਆ ਤੇ ਰਾਵਣ ਰਾਜ ਹੈ। ਬਾਪ ਆਇਆ ਹੈ ਵਿਸ਼ਵ ਦਾ ਰਾਜ ਦੇਣ। ਤੁਸੀਂ ਸਾਰੇ ਵਿਸ਼ਵ ਦੇ ਮਾਲਿਕ ਸੀ। ਹਾਲੇ ਤੱਕ ਚਿੱਤਰ ਖੜ੍ਹੇ ਹਨ। ਬਾਕੀ ਲੱਖਾਂ ਸਾਲਾਂ ਦੀ ਕੋਈ ਗੱਲ ਨਹੀਂ। ਇਹ ਗ਼ਲਤ ਹੈ। ਬਾਪ ਨੂੰ ਹੀ ਸਦਾ ਰਾਇਟੀਅਸ ਕਿਹਾ ਜਾਂਦਾ ਹੈ। ਬਾਪ ਦਵਾਰਾ ਸਾਰਾ ਸੰਸਾਰ ਰਾਇਟੀਅਸ ਬਣ ਜਾਂਦਾ ਹੈ। ਹਾਲੇ ਹੈ ਅਨਰਾਇਟੀਅਸ। ਹਾਲੇ ਤੁਸੀਂ ਬੱਚੇ ਬਾਪ ਤੋਂ ਵਰਸਾ ਲੈ ਰਹੇ ਹੋ। ਪਰ ਇਹ ਵੀ ਡਰਾਮੇ ਵਿੱਚ ਨੂੰਧ ਹੈ। ਜੋ ਗਿਆਨ ਸੁਣਦੇ-ਸੁਣਦੇ ਆਸ਼ਚਰਿਆਵਤ ਸੁਨੰਤੀ, ਕਥੰਤੀ, ਭਗੰਤੀ ਹੋ ਜਾਂਦੇ ਹਨ। ਅਹੋ ਮਮ ਮਾਇਆ ਤੂੰ ਕਿੰਨੀ ਜ਼ਬਰਦਸਤ ਹੈਂ ਜੋ ਬਾਪ ਤੋਂ ਬੇਮੁੱਖ ਕਰਵਾ ਦਿੰਦੀ ਹੈ। ਕਿਓਂ ਨਹੀਂ ਜ਼ਬਰਦਸਤ ਹੋਵੇਗੀ, ਅੱਧਾਕਲਪ ਉਸ ਦਾ ਰਾਜ ਚਲਦਾ ਹੈ। ਰਾਵਣ ਕੀ ਹੈ, ਇਹ ਵੀ ਤੁਸੀਂ ਜਾਣਦੇ ਹੋ। ਇੱਥੇ ਵੀ ਕਈ ਬੱਚੇ ਸਮਝਦਾਰ ਹਨ, ਕਈ ਬੇਸਮਝ ਹਨ।

ਤੁਸੀਂ ਜਾਣਦੇ ਹੋ ਹਾਲੇ ਸਾਡੇ ਤੇ ਬ੍ਰਹਿਸਪਤੀ ਦੀ ਦਸ਼ਾ ਹੈ, ਇਸ ਲਈ ਅਸੀਂ ਸਵਰਗ ਵਿੱਚ ਜਾਣ ਦਾ ਪੁਰਸ਼ਾਰਥ ਕਰ ਰਹੇ ਹਾਂ। ਮਨੁੱਖ ਜੋ ਮਰਦੇ ਹਨ ਉਹ ਤਾਂ ਕੋਈ ਸਵਰਗ ਵਿੱਚ ਜਾਣ ਦਾ ਪੁਰਸ਼ਾਰਥ ਨਹੀਂ ਕਰਦੇ ਹਨ। ਸਿਰਫ਼ ਇਵੇਂ ਹੀ ਕਹਿ ਦਿੰਦੇ ਹਨ ਸਵਰਗ ਪਧਾਰਿਆ। ਤੁਸੀਂ ਜਾਣਦੇ ਹੋ ਸੱਚ-ਸੱਚ ਸਵਰਗ ਵਿੱਚ ਜਾਣ ਦਾ ਪੁਰਸ਼ਾਰਥ ਅਸੀਂ ਕਰ ਰਹੇ ਹਾਂ ਅਤੇ ਸਵਰਗ ਦਾ ਮਾਲਿਕ ਬਨਣ ਦਾ ਪੁਰਸ਼ਾਰਥ ਅਸੀਂ ਕਰ ਰਹੇ ਹਾਂ। ਇਵੇਂ ਕਦੇ ਕੋਈ ਨਹੀਂ ਕਹੇਗਾ ਕਿ ਇਹ ਸਵਰਗ ਜਾ ਰਹੇ ਹਨ। ਕਹਿਣਗੇ, ਇਹ ਕਿ ਕਹਿੰਦੇ ਹੋ, ਮੂੰਹ ਬੰਦ ਕਰੋ। ਮਨੁੱਖ ਤਾਂ ਹੱਦ ਦੀਆਂ ਗੱਲਾਂ ਸੁਣਾਉਂਦੇ ਹਨ। ਬਾਪ ਤੁਹਾਨੂੰ ਬੇਹੱਦ ਦੀਆਂ ਗੱਲਾਂ ਸੁਣਾਉਂਦੇ ਹਨ। ਤੁਹਾਨੂੰ ਬੱਚਿਆਂ ਨੂੰ ਬੜਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਬਹੁਤ ਨਸ਼ਾ ਚੜ੍ਹਨਾ ਚਾਹੀਦਾ ਹੈ। ਜਿਨ੍ਹਾਂਨੇ ਕਲਪ ਪਹਿਲਾਂ ਪੁਰਸ਼ਾਰਥ ਕੀਤਾ, ਜਿਹੜੀ ਪਦਵੀ ਪਾਈ ਹੈ, ਉਹ ਹੀ ਪਾਉਣਗੇ। ਕਈ ਵਾਰੀ ਤੁਸੀਂ ਬੱਚਿਆਂ ਨੇ ਮਾਇਆ ਤੇ ਜਿੱਤ ਪਾਈ ਹੈ। ਫਿਰ ਤੁਸੀਂ ਹਾਰ ਵੀ ਖਾਦੀ ਹੈ। ਇਹ ਵੀ ਡਰਾਮਾ ਬਣਿਆ ਹੋਇਆ ਹੈ। ਤਾਂ ਬੱਚਿਆਂ ਨੂੰ ਬੜੀ ਖੁਸ਼ੀ ਹੋਣੀ ਚਾਹੀਦੀ ਹੈ। ਮ੍ਰਿਤੂਲੋਕ ਤੋਂ ਅਮਰਲੋਕ ਵਿੱਚ ਜਾ ਰਹੇ ਹੋ। ਸਟੂਡੈਂਟ ਲਾਈਫ਼ ਇਜ਼ ਦੀ ਬੈਸਟ। ਇਸ ਵਕਤ ਤੁਹਾਡੀ ਬੈਸਟ ਲਾਈਫ਼ ਹੈ, ਇਸ ਨੂੰ ਕੋਈ ਵੀ ਮਨੁੱਖ ਨਹੀਂ ਜਾਣਦੇ। ਭਗਵਾਨ ਖੁਦ ਆਕੇ ਪੜ੍ਹਾਉਂਦੇ ਹਨ, ਇਹ ਹੈ ਦੀ ਬੈਸਟ ਸਟੂਡੈਂਟ ਲਾਈਫ਼। ਆਤਮਾ ਹੀ ਪੜ੍ਹਾਉਂਦੀ ਹੈ, ਫਿਰ ਕਹਾਂਗੇ ਇਨ੍ਹਾਂ ਦਾ ਨਾਮ ਫਲਾਣਾ ਹੈ। ਆਤਮਾ ਹੀ ਟੀਚਰ ਹੈ ਨਾ। ਆਤਮਾ ਹੀ ਸੁਣਕੇ ਧਾਰਨ ਕਰਦੀ ਹੈ, ਆਤਮਾ ਹੀ ਸੁਣਦੀ ਹੈ। ਪਰੰਤੂ ਦੇਹ ਅਭਿਮਾਨ ਦੇ ਕਾਰਣ ਸਮਝਦੇ ਨਹੀਂ। ਸਤਿਯੁੱਗ ਵਿਚ ਵੀ ਸਮਝਣਗੇ ਕਿ ਸਾਨੂੰ ਆਤਮਾ ਨੂੰ ਸ਼ਰੀਰ ਮਿਲਿਆ ਹੈ, ਹੁਣ ਬੁੱਢੇ ਹੋ ਗਏ ਹਾਂ। ਝੱਟ ਸਾਕਸ਼ਾਤਕਾਰ ਹੋਵੇਗਾ- ਕਿ ਹੁਣ ਅਸੀਂ ਪੁਰਾਣਾ ਚੋਲਾ ਛੱਡ ਨਵਾਂ ਲੈਂਦੇ ਹਾਂ। ਭ੍ਰਮਰੀ ਦਾ ਮਿਸਾਲ ਵੀ ਹੁਣ ਦਾ ਹੀ ਹੈ। ਹੁਣ ਤੁਸੀਂ ਜਾਣਦੇ ਹੋ ਅਸੀਂ ਬ੍ਰਾਹਮਣੀਆਂ ਹਾਂ।

ਡਰਾਮਾ ਪਲਾਨ ਅਨੁਸਾਰ ਜੋ ਵੀ ਤੁਹਾਡੇ ਕੋਲ ਆਉਂਦੇ ਹਨ ਉਨ੍ਹਾਂ ਨੂੰ ਭੂੰ-ਭੂੰ ਕਰਦੇ ਹੋ ਫਿਰ ਉਨ੍ਹਾਂ ਵਿੱਚ ਵੀ ਕੋਈ ਕੱਚੇ ਕੋਈ ਸੜ੍ਹ ਜਾਂਦੇ ਹਨ। ਸੰਨਿਆਸੀ ਲੋਕ ਤਾਂ ਇਹ ਮਿਸਾਲ ਨਹੀਂ ਦੇ ਸਕਦੇ। ਉਹ ਥੋੜੀ ਨਾ ਆਪਣੇ ਵਰਗੇ ਬਣਾਉਣਗੇ। ਤੁਹਾਡੇ ਕੋਲ ਤਾਂ ਏਮ ਅਬਜੈਕਟ ਹੈ। ਇਹ ਸਤਿਆ ਨਾਰਾਇਣ ਦੀ ਕਥਾ, ਅਮਰਕਥਾ... ਇਹ ਸਭ ਤੁਹਾਡੀਆਂ ਹਨ। ਇੱਕ ਹੀ ਬਾਪ ਸੱਤ ਸੁਣਾਉਂਦੇ ਹਨ। ਬਾਕੀ ਸਭ ਝੂਠ ਹੈ। ਉੱਥੇ ਸਤਿਆ ਨਰਾਇਣ ਦੀ ਕਥਾ ਸੁਣਾ ਕੇ ਪ੍ਰਸ਼ਾਦ ਖਵਾਂਉਂਦੇ ਰਹਿੰਦੇ ਹਨ। ਕਿੱਥੇ ਉਹ ਹੱਦ ਦੀਆਂ ਗੱਲਾਂ, ਕਿੱਥੇ ਇਹ ਬੇਹੱਦ ਦੀਆਂ ਗੱਲਾਂ। ਤੁਹਾਨੂੰ ਬਾਪ ਡਾਇਰੈਕਸ਼ਨ ਦਿੰਦੇ ਹਨ। ਤੁਸੀਂ ਨੋਟ ਕਰਦੇ ਹੋ ਬਾਕੀ ਕਿਤਾਬਾਂ ਸ਼ਾਸਤਰ ਆਦਿ ਤਾਂ ਸਾਰੇ ਖ਼ਤਮ ਹੋ ਜਾਣਗੇ। ਪੁਰਾਣੀ ਕੋਈ ਵੀ ਚੀਜ਼ ਨਹੀਂ ਰਹੇਗੀ। ਮਨੁੱਖ ਸਮਝਦੇ ਹਨ ਕਿ ਕਲਯੁੱਗ ਵਿੱਚ ਅਜੇ 40 ਹਜ਼ਾਰ ਸਾਲ ਪਏ ਹਨ ਇਸਲਈ ਵੱਡੇ-ਵੱਡੇ ਮਕਾਨ ਆਦਿ ਬਣਾਉਂਦੇ ਰਹਿੰਦੇ ਹਨ। ਖਰਚਾ ਕਰਦੇ ਰਹਿੰਦੇ ਹਨ। ਕੀ ਸਮੁੰਦਰ ਛੱਡੇਗਾ? ਇਕੋ ਲਹਿਰ ਨਾਲ ਹੱਪ ਕਰ ਲਏਗਾ। ਨਾ ਇਹ ਬਾਮਬੇ ਸੀ, ਨਾ ਰਹੇਗੀ। ਹੁਣੇ 100 ਸਾਲ ਦੇ ਵਿੱਚ-ਵਿੱਚ ਇਹ ਸਭ ਨਿਕਲਿਆ ਹੈ। ਪਹਿਲੋਂ ਵਾਈਸਰਾਏ ਵੀ ਚਾਰ ਘੋੜੇ ਦੀ ਗੱਡੀ ਵਿੱਚ ਆਉਂਦੇ ਸਨ। ਹੁਣ ਥੋੜ੍ਹੇ ਸਮੇਂ ਵਿੱਚ ਕੀ-ਕੀ ਹੋ ਗਿਆ ਹੈ। ਸਵਰਗ ਤਾਂ ਬਹੁਤ ਛੋਟਾ ਹੈ। ਨਦੀ ਦੇ ਕੰਢੇ ਤੁਹਾਡੇ ਮਕਾਨ ਹੋਣਗੇ।

ਹਾਲੇ ਤੁਹਾਡੇ ਤੇ ਬ੍ਰਿਹਸਪਤੀ ਦੀ ਦਸ਼ਾ ਹੈ। ਬੱਚਿਆਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਅਸੀਂ ਇੰਨੇ ਸਾਹੂਕਾਰ ਬਣਦੇ ਹਾਂ। ਕੋਈ ਦਿਵਾਲਾ ਨਿਕਾਲਦੇ ਹਨ ਤਾਂ ਰਾਹੂ ਦੀ ਦਸ਼ਾ ਕਹੀ ਜਾਂਦੀ ਹੈ। ਤੁਸੀਂ ਆਪਣੀ ਦਸ਼ਾ ਤੇ ਖੁਸ਼ ਰਹੋ। ਭਗਵਾਨ ਬਾਪ ਸਾਨੂੰ ਪੜ੍ਹਾਉਂਦੇ ਹਨ। ਭਗਵਾਨ ਕਿਸੇ ਨੂੰ ਪੜ੍ਹਾਉਂਦੇ ਹਨ ਕੀ? ਤੁਸੀਂ ਬੱਚੇ ਜਾਣਦੇ ਹੋ ਸਾਡੀ ਇਹ ਸਟੂਡੈਂਟ ਲਾਈਫ਼ ਦੀ ਬੈਸਟ ਹੈ। ਅਸੀਂ ਨਰ ਤੋਂ ਨਰਾਇਣ ਵਿਸ਼ਵ ਦੇ ਮਾਲਿਕ ਬਣਦੇ ਹਾਂ। ਇੱਥੇ ਅਸੀਂ ਰਾਵਣ ਰਾਜ ਵਿੱਚ ਆਕੇ ਫ਼ਸੇ ਹਾਂ। ਫਿਰ ਜਾਂਦੇ ਹਾਂ ਸੁਖਧਾਮ ਵਿੱਚ। ਤੁਸੀਂ ਸੰਗਮਯੁਗੀ ਬ੍ਰਾਹਮਣ ਹੋ। ਬ੍ਰਹਮਾ ਦੁਆਰਾ ਸਥਾਪਨਾ ਹੁੰਦੀ ਹੈ। ਇੱਕ ਥੋੜ੍ਹੀ ਨਾ ਹੋਵੇਗਾ। ਬਹੁਤ ਹੋਣਗੇ ਨਾ। ਤੁਸੀਂ ਖੁਦਾਈ ਖ਼ਿਦਮਤਗਾਰ ਬਣਦੇ ਹੋ। ਖੁਦਾ ਜੋ ਖ਼ਿਦਮਤ ਕਰਦੇ ਹਨ ਸਵਰਗ ਸਥਾਪਨ ਕਰਨ ਦੀ, ਉਸ ਵਿੱਚ ਤੁਸੀਂ ਮਦਦ ਕਰਦੇ ਹੋ। ਜੋ ਜ਼ਿਆਦਾ ਮਦਦ ਕਰਣਗੇ ਉਹ ਉੱਚ ਪਦਵੀ ਪਾਉਣਗੇ। ਕੋਈ ਭੁੱਖੇ ਨਹੀਂ ਮਰ ਸਕਦੇ। ਇੱਥੇ ਫਕੀਰਾਂ ਦੀ ਵੀ ਜਾਂਚ ਕਰਦੇ ਤਾਂ ਹਜ਼ਾਰਾਂ ਰੁਪਏ ਨਿਕਲ ਆਉਂਦੇ ਹਨ। ਭੁੱਖਾ ਕੋਈ ਮਰ ਨਹੀਂ ਸਕਦਾ। ਇੱਥੇ ਵੀ ਤੁਸੀਂ ਬਾਪ ਦੇ ਬਣੇ ਹੋ। ਚਾਹੇ ਬਾਪ ਗ਼ਰੀਬ ਹੁੰਦੇ ਹਨ ਪਰ ਬੱਚਿਆਂ ਨੂੰ ਜਦੋਂ ਤੱਕ ਖਾਣਾ ਨਾ ਮਿਲੇ ਤਾਂ ਖ਼ੁਦ ਨਹੀਂ ਖਾਂਦੇ ਕਿਉਂਕਿ ਬੱਚੇ ਵਾਰਿਸ ਹਨ। ਉਨ੍ਹਾਂ ਨਾਲ ਪਿਆਰ ਹੁੰਦਾ ਹੈ। ਉੱਥੇ ਤਾਂ ਗ਼ਰੀਬ ਦੀ ਗੱਲ ਨਹੀਂ। ਅਥਾਹ ਅਨਾਜ ਰਹਿੰਦਾ ਹੈ। ਬੇਹੱਦ ਦੀ ਸਾਹੂਕਾਰੀ ਰਹਿੰਦੀ ਹੈ। ਉੱਥੇ ਦੀ ਪਹਿਰਵਾਇਜ਼ ਦੇਖੋ ਕਿੰਨੀ ਸੋਹਣੀ ਹੈ। ਤਾਂ ਬਾਬਾ ਕਹਿੰਦੇ ਹਨ ਜਦੋਂ ਫ਼ੁਰਸਤ ਮਿਲੇ ਤਾਂ ਲਕਸ਼ਮੀ ਨਰਾਇਣ ਦੇ ਚਿੱਤਰ ਸਾਮਣੇ ਜਾਕੇ ਬੈਠੋ। ਰਾਤ ਨੂੰ ਵੀ ਬੈਠ ਸਕਦੇ ਹੋ। ਇਨ੍ਹਾਂ ਲਕਸ਼ਮੀ ਨਰਾਇਣ ਨੂੰ ਵੇਖਦੇ-ਵੇਖਦੇ ਸੋ ਜਾਓ। ਔਹੋ ਬਾਬਾ ਸਾਨੂੰ ਅਜਿਹਾ ਬਣਾਉਂਦੇ ਹਨ। ਤੁਸੀਂ ਅਜਿਹਾ ਅਭਿਆਸ ਕਰਕੇ ਦੇਖੋ ਕਿੰਨਾ ਮਜ਼ਾ ਆਉਂਦਾ ਹੈ। ਫਿਰ ਸਵੇਰੇ ਉੱਠ ਕੇ ਅਨੁਭਵ ਸੁਨਾਓ। ਲਕਸ਼ਮੀ ਨਾਰਾਇਣ ਦਾ ਚਿੱਤਰ ਤੇ ਪੌੜ੍ਹੀ ਦਾ ਚਿੱਤਰ ਸਭ ਦੇ ਕੋਲ ਹੋਣਾ ਚਾਹੀਦਾ ਹੈ। ਸਟੂਡੈਂਟ ਜਾਣਦੇ ਹਨ ਸਾਨੂੰ ਕੌਣ ਪੜ੍ਹਾਉਂਦੇ ਹਨ। ਉਨ੍ਹਾਂ ਦਾ ਚਿੱਤਰ ਵੀ ਹੈ। ਸਾਰਾ ਮਦਾਰ ਹੈ ਪੜ੍ਹਾਈ ਤੇ। ਸਵਰਗ ਦਾ ਮਾਲਿਕ ਤਾਂ ਬਣਾਂਗੇ। ਬਾਕੀ ਪਦਵੀ ਦਾ ਮਦਾਰ ਹੈ ਪੜ੍ਹਾਈ ਤੇ। ਬਾਬਾ ਕਹਿੰਦੇ ਹਨ ਇਹ ਪੁਰਸ਼ਾਰਥ ਕਰੋ- ਮੈਂ ਆਤਮਾ ਹਾਂ ਸ਼ਰੀਰ ਨਹੀਂ। ਮੈਂ ਬਾਬਾ ਤੋਂ ਵਰਸਾ ਲੈਂਦਾ ਹਾਂ। ਕੋਈ ਵੀ ਤਕਲੀਫ਼ ਨਹੀਂ। ਮਾਤਾਵਾਂ ਲਈ ਤਾਂ ਬਹੁਤ ਸਹਿਜ ਹੈ। ਮਰਦ ਲੋਕ ਤੇ ਕੰਮ ਧੰਦੇ ਤੇ ਚਲੇ ਜਾਂਦੇ ਹਨ। ਇਸ ਏਮ ਅਬਜੈਕਟ ਦੇ ਚਿੱਤਰ ਤੇ ਤੁਸੀਂ ਬਹੁਤ ਸਰਵਿਸ ਕਰ ਸਕਦੇ ਹੋ। ਬਹੁਤਿਆਂ ਦਾ ਕਲਿਆਣ ਕਰੋਗੇ ਤਾਂ ਤੁਹਾਨੂੰ ਬਹੁਤ ਪਿਆਰ ਕਰਨਗੇ। ਕਹਿਣਗੇ ਤੁਸੀਂ ਤਾਂ ਸਾਡੀ ਮਾਤਾ ਹੋ। ਜਗਤ ਦੇ ਕਲਿਆਣ ਲਈ ਤੁਸੀਂ ਮਾਤਾਵਾਂ ਨਿਮਿਤ ਹੋ। ਆਪਣੇ ਨੂੰ ਵੇਖਣਾ ਹੈ ਕਿ ਅਸੀਂ ਕਿੰਨਿਆਂ ਨੂੰ ਬਾਪ ਦਾ ਪੈਗ਼ਾਮ ਦਿੱਤਾ ਹੈ। ਬਾਪ ਵੀ ਪੈਗੰਬਰ ਹਨ ਹੋਰ ਕੋਈ ਨੂੰ ਵੀ ਪੈਗੰਬਰ ਨਹੀਂ ਕਹਾਂਗੇ। ਤੁਹਾਨੂੰ ਬਾਪ ਪੈਗ਼ਾਮ ਦਿੰਦੇ ਹਨ ਉਹ ਤੁਸੀਂ ਸਾਰਿਆਂ ਨੂੰ ਸੁਨਾਓ। ਬੇਹੱਦ ਦੇ ਬਾਪ ਅਤੇ ਵਰਸੇ ਨੂੰ ਯਾਦ ਕਰੋ, 84 ਦੇ ਚੱਕਰ ਨੂੰ ਵੀ ਯਾਦ ਕਰੋ। ਤੁਸੀ ਪੈਗੰਬਰ ਬਾਪ ਦੇ ਬੱਚੇ ਪੈਗ਼ਾਮ ਦੇਣ ਵਾਲੇ ਹੋ। ਸਭ ਨੂੰ ਬੋਲੋ ਦੋ ਬਾਪ ਹਨ। ਬੇਹੱਦ ਦੇ ਬਾਪ ਨੇ ਸੁੱਖ ਅਤੇ ਸ਼ਾਂਤੀ ਦ ਵਰਸਾ ਦਿੱਤਾ ਹੈ। ਅਸੀਂ ਸੁਖਧਾਮ ਵਿਚ ਸੀ ਤਾਂ ਬਾਕੀ ਸਭ ਸ਼ਾਂਤੀਧਾਮ ਵਿੱਚ ਸਨ। ਫਿਰ ਜੀਵਨ ਮੁੱਕਤੀ ਵਿਚ ਆਉਂਦੇ ਹਨ। ਹੁਣ ਅਸੀਂ ਵਾਪਿਸ ਜਾਣਾ ਹੈ ਫਿਰ ਉੱਥੇ ਅਸੀਂ ਹੀ ਵਿਸ਼ਵ ਦੇ ਮਾਲਿਕ ਹੋਵਾਂਗੇ। ਇੱਕ ਗੀਤ ਵੀ ਹੈ ਬਾਬਾ ਤੁਹਾਡੇ ਤੋਂ ਸਾਨੂੰ ਸਾਰੇ ਵਿਸ਼ਵ ਦੀ ਬਾਦਸ਼ਾਹੀ ਮਿਲਦੀ ਹੈ। ਸਾਰਾ ਧਰਤੀ, ਸਮੁੰਦਰ, ਅਕਾਸ਼ ਸਾਡੇ ਹੱਥ ਵਿੱਚ ਹੋਵੇਗਾ। ਇਸ ਵਕਤ ਅਸੀਂ ਬਾਪ ਤੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਤੁਸੀਂ ਹੋ ਗੁਪਤ ਯੋਧੇ, ਸ਼ਿਵ ਸ਼ਕਤੀ ਸੈਨਾ। ਇਹ ਹੈ ਗਿਆਨ ਕਟਾਰੀ, ਗਿਆਨ ਬਾਣ। ਉਨ੍ਹਾਂ ਨੇ ਦੇਵੀਆਂ ਨੂੰ ਸਥੂਲ ਹਥਿਆਰ ਦੇ ਦਿੱਤੇ ਹਨ। ਭਗਤੀ ਮਾਰਗ ਵਿਚ ਕਿੰਨੇ ਮੰਦਿਰ ਬਣਾਏ ਹਨ, ਕਿੰਨੇ ਚਿੱਤਰ ਆਦਿ ਹਨ, ਤਾਂ ਬਾਪ ਕਹਿੰਦੇ ਹਨ ਭਗਤੀ ਮਾਰਗ ਵਿੱਚ ਤੁਸੀ ਸਾਰੇ ਪੈਸੇ ਖ਼ਤਮ ਕਰ ਦਿੱਤੇ ਹਨ। ਹੁਣ ਇਹ ਸਭ ਖ਼ਤਮ ਹੋਣ ਵਾਲੇ ਹਨ, ਡੁੱਬ ਜਾਣਗੇ। ਤੁਹਾਨੂੰ ਸਾਕਸ਼ਤਕਾਰ ਵੀ ਕਰਵਾਇਆ ਸੀ ਕਿ ਉੱਥੇ ਕਿਵੇਂ ਜਾਕੇ ਖਾਣੀਆਂ ਵਿਚੋਂ ਹੀਰੇ ਜਵਾਹਰਾਤ ਲੈ ਆਉਂਦੇ ਹਨ ਕਿਉਂਕਿ ਇਹ ਸਭ ਦੱਬ ਜਾਂਦੇ ਹਨ। ਵੱਡੇ-ਵੱਡੇ ਰਾਜਿਆਂ ਕੋਲ ਤਹਿਖਾਨੇ (ਅੰਡਰਗ੍ਰਾਉਂਡ) ਹੁੰਦੇ ਹਨ। ਉਹ ਸਾਰੇ ਦੱਬ ਜਾਣਗੇ ਫਿਰ ਤੁਹਾਡੇ ਕਾਰੀਗਰ ਲੋਕ ਜਾਕੇ ਲੈ ਆਉਣਗੇ। ਨਹੀਂ ਤਾਂ ਇੰਨਾ ਸੋਨਾ ਆਦਿ ਕਿਥੋਂ ਆਵੇਗਾ। ਸਵਰਗ ਦੇ ਸੀਨ ਅਜਮੇਰ ਵਿੱਚ ਵੇਖਦੇ ਹਾਂ ਨਾ। ਬਾਬਾ ਨੇ ਕਿਹਾ ਸੀ ਮਿਊਜ਼ੀਅਮ ਵਿੱਚ ਵੀ ਇੱਦਾਂ ਹੀ ਬਣਾਓ। ਸਵਰਗ ਦਾ ਫ਼ਸਟਕਲਾਸ ਮਾਡਲ ਬਣਾਉਣਾ ਚਾਹੀਦਾ ਹੈ। ਤੁਸੀਂ ਬੱਚੇ ਜਾਣਦੇ ਹੋ ਕਿ ਅਸੀਂ ਆਪਣੀ ਰਾਜਧਾਨੀ ਸਥਾਪਨ ਕਰ ਰਹੇ ਹਾਂ। ਪਹਿਲੋਂ ਕੁਝ ਵੀ ਨਹੀਂ ਜਾਣਦੇ ਸਨ, ਹੁਣ ਜਾਣਦੇ ਜਾ ਰਹੇ ਹੋ। ਇਵੇਂ ਨਹੀਂ ਮੈਂ ਹਰੇਕ ਦੇ ਅੰਦਰ ਨੂੰ ਜਾਣਦਾ ਹਾਂ। ਕੋਈ-ਕੋਈ ਵਿਕਾਰੀ ਵੀ ਆਉਂਦੇ ਸਨ। ਕਿਹਾ ਜਾਂਦਾ ਸੀ ਕਿਉਂ ਆਉਂਦੇ ਹੋ? ਤਾਂ ਕਹਿੰਦੇ ਸਨ ਆਵਾਂਗੇ ਤਾਂ ਹੀ ਤੇ ਵਿਕਾਰਾਂ ਤੋਂ ਛੁੱਟਾਂਗੇ। ਮੈਂ ਬਹੁਤ ਪਾਪ ਆਤਮਾ ਹਾਂ। ਬਾਪ ਕਹੇਗਾ ਅੱਛਾ ਕਲਿਆਣ ਹੋ ਜਾਵੇ। ਮਾਇਆ ਬੜੀ ਦੁਸ਼ਵਾਰ ਹੈ। ਬਾਪ ਕਹਿੰਦੇ ਹਨ ਬੱਚੇ ਤੁਸੀਂ ਇਨ੍ਹਾਂ ਵਿਕਾਰਾਂ ਤੇ ਜਿੱਤ ਪਾਉਣੀ ਹੈ ਤਾਂ

ਹੀ ਜਗਤਜਿੱਤ ਬਣੋਗੇ ਮਾਇਆ ਵੀ ਘੱਟ ਨਹੀਂ ਹੈ। ਹੁਣ ਤੁਸੀਂ ਪੁਰਸ਼ਾਰਥ ਕਰ ਇਨ੍ਹਾਂ ਲਕਸ਼ਮੀ ਨਾਰਾਇਣ ਵਰਗਾ ਬਣਦੇ ਹੋ। ਇਨ੍ਹਾਂ ਵਰਗੀ ਸੁੰਦਰਤਾ ਹੋਰ ਕਿਸੇ ਦੀ ਹੋ ਨਹੀਂ ਸਕਦੀ। ਇਹ ਹੈ ਨੈਚੁਰਲ ਬਿਊਟੀ। ਹਰ 5 ਹਜ਼ਾਰ ਸਾਲ ਦੇ ਬਾਅਦ ਸਵਰਗ ਦੀ ਸਥਾਪਨਾ ਹੁੰਦੀ ਹੈ, ਫਿਰ 84 ਜਨਮਾਂ ਦੇ ਚੱਕਰ ਵਿਚ ਆਉਂਦੇ ਹੋ। ਤੁਸੀਂ ਲਿਖ ਸਕਦੇ ਹੋ ਇਹ ਯੂਨੀਵਰਸਟੀ ਕਮ ਹਸਪਤਾਲ ਹੈ। ਉਹ ਹੈਲਥ ਲਈ, ਉਹ ਵੈਲਥ ਲਈ। ਹੈਲਥ, ਵੈਲਥ, ਹੈਪੀਨੈੱਸ--21 ਜਨਮਾਂ ਲਈ ਆਕੇ ਪਾਓ। ਕੰਮ ਧੰਦੇ ਵਾਲੇ ਵੀ ਆਪਣਾ ਬੋਰਡ ਲਗਾਉਂਦੇ ਹਨ। ਘਰਾਂ ਵਿੱਚ ਵੀ ਬੋਰਡ ਲਗਾਉਂਦੇ ਹਨ। ਇਵੇਂ-ਇਵੇਂ ਲਿਖਣਗੇ ਵੀ ਉਹ, ਜੋ ਨਸ਼ੇ ਵਿੱਚ ਰਹਿੰਦੇ ਹੋਣਗੇ। ਜੋ ਵੀ ਆਏ ਉਨ੍ਹਾਂ ਨੂੰ ਸਮਝਾਓ- ਤੁਸੀਂ ਬੇਹੱਦ ਦੇ ਬਾਪ ਤੋਂ ਵਰਸਾ ਲਿਆ ਸੀ ਫਿਰ 84 ਜਨਮ ਲੈ ਕੇ ਤੁਸੀਂ ਪਤਿਤ ਬਣੇ ਹੋ। ਹੁਣ ਪਾਵਨ ਬਣੋ। ਆਪਣੇ ਨੂੰ ਆਤਮਾ ਸਮਝੋ। ਬਾਪ ਨੂੰ ਯਾਦ ਕਰੋ। ਬਾਬਾ ਵੀ ਇੱਦਾਂ ਕਰਦੇ ਹਨ। ਇਹ ਹਨ ਪਹਿਲੇ ਨੰਬਰ ਦੇ ਪੁਰਸ਼ਾਰਥੀ। ਕਈ ਬੱਚੇ ਲਿਖਦੇ ਹਨ ਬਾਬਾ ਤੂਫ਼ਾਨ ਆਉਂਦੇ ਹਨ, ਇਹ ਹੁੰਦਾ ਹੈ। ਮੈਂ ਲਿਖਦਾ ਹਾਂ ਮੇਰੇ ਕੋਲ ਤਾਂ ਸਾਰੇ ਤੂਫ਼ਾਨ ਪਹਿਲਾਂ ਆਉਂਦੇ ਹਨ। ਮੈਂ ਪਹਿਲਾਂ ਅਨੁਭਵੀ ਬਣਾ ਤਾਂ ਹੀ ਸਮਝਾ ਸਕਾਂ। ਇਹ ਤਾਂ ਮਾਇਆ ਦਾ ਕੰਮ ਹੈ।

ਹੁਣ ਬਾਪ ਕਹਿੰਦੇ ਹਨ ਮਿੱਠੇ ਲਾਡਲੇ ਬੱਚੇ, ਹੁਣ ਤੁਹਾਡੇ ਤੇ ਬ੍ਰਿਹਸਪਤੀ ਦੀ ਦਸ਼ਾ ਹੈ ਤੁਹਾਨੂੰ ਕਿਸੇ ਨੂੰ ਵੀ ਆਪਣੀ ਜਨਮ ਪਤਰੀ ਆਦਿ ਵਿਖਾਉਣ ਦੀ ਲੋੜ ਨਹੀਂ ਹੈ। ਬਾਬਾ ਸਭ ਕੁਝ ਦੱਸ ਦਿੰਦੇ ਹਨ, ਉੱਥੇ ਉਮਰ ਵੀ ਬੜੀ ਵੱਡੀ ਹੁੰਦੀ ਹੈ ਸ਼੍ਰੀਕ੍ਰਿਸ਼ਨ ਨੂੰ ਵੀ ਯੋਗੇਸ਼ਵਰ ਕਹਿੰਦੇ ਹਨ। ਇਹਨਾਂ ਨੂੰ ਯੋਗੇਸ਼ਵਰ ਨੇ ਯੋਗ ਸਿਖਾਇਆ ਤਾਂ ਇਹ ਬਣਿਆ। ਕੋਈ ਮਨੁੱਖ ਮਾਤਰ ਸੰਨਿਆਸੀ ਆਦਿ ਨੂੰ ਯੋਗੇਸ਼ਵਰ ਨਹੀਂ ਕਹਿ ਸਕਦੇ, ਹਾਂ ਤੁਹਾਨੂੰ ਈਸ਼ਵਰ ਯੋਗ ਸਿਖਾਉਂਦੇ ਹਨ, ਇਸ ਲਈ ਯੋਗੇਸ਼ਵਰ ਅਤੇ ਯੋਗੇਸ਼ਵਰੀ ਨਾਮ ਰੱਖਿਆ ਹੈ। ਗਿਆਨੇਸ਼ਵਰ ਅਤੇ ਗਿਆਨੇਸ਼ਵਰੀ ਵੀ ਇਸ ਵੇਲੇ ਤੁਸੀਂ ਹੀ ਹੋ। ਫਿਰ ਜਾਕੇ ਰਾਜ-ਰਾਜੇਸ਼ਵਰ ਵੀ ਤੁਸੀਂ ਹੀ ਬਣਦੇ ਹੋ। ਅੱਛਾ-!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਏਮ ਆਬਜੈਕਟ ਨੂੰ ਸਾਹਮਣੇ ਰੱਖ ਕੇ ਪੁਰਸ਼ਾਰਥ ਕਰੋ। ਲਕਸ਼ਮੀ-ਨਾਰਾਇਣ ਦੇ ਚਿੱਤਰ ਨੂੰ ਸਾਹਮਣੇ ਵੇਖਦੇ ਹੋਏ ਅਪਣੇ ਆਪ ਨਾਲ ਗੱਲਾਂ ਕਰੋ ਓਹੋ ਬਾਬਾ ਤੁਸੀਂ ਸਾਨੂੰ ਇਵੇਂ ਦਾ ਬਣਾਉਂਦੇ ਹੋ! ਸਾਡੇ ਉੱਪਰ ਹਾਲੇ ਬ੍ਰਿਹਸਪਤੀ ਦੀ ਦਸ਼ਾ ਬੈਠੀ ਹੈ।

2. ਆਪਣੇ ਵਰਗਾ ਬਣਾਉਣ ਦੇ ਲਈ ਭ੍ਰਮਰੀ ਦੇ ਵਾਂਗੂ ਗਿਆਨ ਦੀ ਭੂੰ-ਭੂੰ ਕਰੋ। ਖ਼ੁਦਾਈ ਖ਼ਿਦਮਤਗਾਰ ਬਣ ਸਵਰਗ ਦੀ ਸਥਾਪਨਾ ਵਿੱਚ ਬਾਪ ਦੀ ਮਦਦ ਕਰੋ।

ਵਰਦਾਨ:- ਦੇਹ - ਭਾਨ ਤੋਂ ਨਿਆਰੇ ਬਣ ਪਰਮਾਤਮ ਪਿਆਰ ਦਾ ਅਨੁਭਵ ਕਰਨ ਵਾਲੇ ਕਮਲ ਆਸਨਧਾਰੀ ਭਵ।

ਕਮਲ ਆਸਨ ਬ੍ਰਾਹਮਣ ਆਤਮਾਵਾਂ ਦੇ ਸ੍ਰੇਸ਼ਠ ਸਥਿਤੀ ਦੀ ਨਿਸ਼ਾਨੀ ਹੈ। ਅਜਿਹੀਆਂ ਕਮਲ ਆਸਨਧਾਰੀ ਆਤਮਾਵਾਂ ਇਸ ਦੇਹਭਾਨ ਤੋਂ ਖੁਦ ਹੀ ਨਿਆਰੀਆਂ ਰਹਿੰਦੀਆਂ ਹਨ। ਉਨ੍ਹਾਂਨੂੰ ਸ਼ਰੀਰ ਦਾ ਭਾਨ ਆਪਣੇ ਵੱਲ ਖਿੱਚਦਾ ਨਹੀਂ। ਜਿਵੇਂ ਬ੍ਰਹਮਾ ਬਾਪ ਨੂੰ ਚਲਦੇ - ਫਿਰਦੇ ਫਰਿਸ਼ਤਾ ਰੂਪ ਅਤੇ ਦੇਵਤਾ ਰੂਪ ਸਦਾ ਸਮ੍ਰਿਤੀ ਵਿੱਚ ਰਿਹਾ। ਇਵੇਂ ਨੇਚੁਰਲ ਦੇਹੀ - ਅਭਿਮਾਨੀ ਸਥਿਤੀ ਸਦਾ ਰਹੇ ਇਸ ਨੂੰ ਕਹਿੰਦੇ ਹਨ ਦੇਹ - ਭਾਨ ਤੋਂ ਨਿਆਰੇ। ਅਜਿਹੇ ਦੇਹ - ਭਾਨ ਤੋਂ ਨਿਆਰੇ ਰਹਿਣ ਵਾਲੇ ਹੀ ਪਰਮਾਤਮ ਪਿਆਰੇ ਬਣ ਜਾਂਦੇ ਹਨ।

ਸਲੋਗਨ:- ਤੁਹਾਡੀਆਂ ਵਿਸ਼ੇਸ਼ਤਾਵਾਂ ਜਾਂ ਗੁਣ ਪ੍ਰਭੂ ਪ੍ਰਸਾਦ ਹੈ, ਉਨ੍ਹਾਂ ਨੂੰ ਮੇਰਾ ਮੰਨਣਾ ਹੀ ਦੇਹ - ਅਭਿਮਾਨ ਹੈ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਬ੍ਰਹਮਾ ਬਾਪ ਨਾਲ ਪਿਆਰ ਹੈ ਤਾਂ ਹੁਣ ਬ੍ਰਹਮਾ ਬਾਪ ਸਮਾਨ ਫਰਿਸ਼ਤਾ ਬਣੋ। ਸਦਾ ਆਪਣਾ ਲਾਈਟ ਦਾ ਫਰਿਸ਼ਤਾ ਸਵਰੂਪ ਸਾਮ੍ਹਣੇ ਵਿਖਾਈ ਦੇਵੇ ਕਿ ਅਜਿਹਾ ਬਣਨਾ ਹੈ ਅਤੇ ਭਵਿੱਖ ਰੂਪ ਵੀ ਵਿਖਾਈ ਦੇਵੇ, ਹੁਣ ਇਹ ਛੱਡਿਆ ਅਤੇ ਉਹ ਲਿਆ। ਜਦੋਂ ਅਜਿਹੀ ਅਨੁਭੂਤੀ ਹੋਵੇ ਤਾਂ ਸਮਝੋ ਕਿ ਸੰਪੂਰਨਤਾ ਦੇ ਨੇੜੇ ਹੋ।